# ਪੰਜਾਬ ਦਾ ਸਭਿਆਚਾਰਕ ਮ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਲੋਕ ਸੰਪਰਕ ਵਿਭਾਗ ਦੇ ਉਲਟ ਪੰਜਾਬ ਦਾ ਸਭਿਆਚਾਰਕ ਮਾਮਲਿਆਂ ਦਾ ਵਿਭਾਗ ਪੰਜਾਬ ਵਿਚ ਸਭਿਆਚਾਰ ਦੇ ਵਿਕਾਸ ਲਈ ਕਾਇਮ ਹੈ। ਸਭਿਆਚਾਰ ਵਿਚ ਸਾਹਿਤ, ਨਾਟਕ, ਸੰਗੀਤ, ਨਾਚ, ਚਿੱਤਰਕਲਾ ਆਦਿ ਕਲਾਵਾਂ ਸ਼ਾਮਲ ਹਨ। ਪੰਜਾਬ ਦੇ ਕਲਾਕਾਰਾਂ ਦਾ, ਜਿਸ ਵਿਚ ਨਾਟਕ ਕਲਾਕਾਰ ਵੀ ਆਉਂਦੇ ਹਨ, ਪ੍ਰਭਾਵ ਹੈ ਕਿ ਇਹ ਵਿਭਾਗ ਠੱਪ ਹੋ ਕੇ ਰਹਿ ਗਿਆ ਹੈ। ਕਿਹਾ ਜਾਂਦਾ ਹੈ ਕਿ ਵਿਭਾਗ ਕੋਲ ਸਰਗਰਮੀਆਂ ਲਈ ਬਜਟ ਨਹੀਂ ਹੈ। ਅੱਗੇ ਹੋਰ ਪੁਛੀਏ ਤਾਂ ਇਹ ਵੀ ਜਵਾਬ ਮਿਲਦਾ ਹੈ ਕਿ ਬਜਟ ਨਾ ਹੋਣ ਕਰ ਕੇ ਬੜੇ ਮਹਿਕਮੇ ਠੱਪ ਪਏ ਹਨ, ਜੇ ਇਹ ਵਿਭਾਗ ਠੱਪ ਹੋ ਗਿਆ ਤਾਂ ਕੀ ਹੋਇਆ? ਇਸ ਦਾ ਸਾਫ ਮਤਲਬ ਹੈ ਕਿ ਨਾ ਤਾਂ ਸਮੇਂ ਦੀ ਸਰਕਾਰ ਸਭਿਆਚਾਰ ਦੀ ਕੋਈ ਅਹਿਮੀਅਤ ਸਮਝਦੀ ਹੈ ਅਤੇ ਨਾ ਹੀ ਮਹਿਕਮੇ ਦੇ ਅਧਿਕਾਰੀ ਸਰਕਾਰ ਨੂੰ ਇਹਦੀ ਅਹਿਮੀਅਤ ਸਮਝਾ ਸਕੇ ਹਨ। ਪੰਜਾਬ ਦੇ ਚਿੰਤਕਾਂ ਲਈ ਇਹ ਫਿਕਰ ਵਾਲੀ ਗੱਲ ਹੈ।

ਅੱਜ ਇਹ ਮੰਨੀ ਹੋਈ ਗੱਲ ਹੈ ਕਿ ਕਿਸੇ ਵੀ ਸਮਾਜ ਦੇ ਵਿਕਾਸ ਲਈ ਲੋਕਾਂ ਦੀ ਸੰਵੇਦਨਾ ਅਤੇ ਸੁਹਜ-ਸਵਾਦ ਦਾ ਵਿਕਾਸ ਇਕ ਜ਼ਰੂਰੀ ਅੰਸ਼ ਹੈ। ਸਰਕਾਰ ਦਾ ਇਸ ਵਿਕਾਸ ਪ੍ਰਤੀ ਵੱਡਾ ਫਰਜ਼ ਹੈ। ਸਰਕਾਰ ਲੋਕਾਂ ਦੇ ਸਰਬਪੱਖੀ ਵਿਕਾਸ ਦਾ ਧਿਆਨ ਰੱਖੇ। ਸਰਕਾਰ ਬਜਟ ਵਿਚ ਇਸ ਵਿਕਾਸ ਲਈ ਰਕਮ ਰਾਖਵੀਂ ਕਰੇ। ਕਲਾਕਾਰਾਂ ਦੀ ਇਸ ਸਬੰਧ ਵਿਚ ਆਵਾਜ਼ ਉਠਾਉਣੀ ਬਣਦੀ ਹੈ ਅਤੇ ਮੀਡੀਆ ਦਾ ਇਸ ਸਬੰਧ ਵਿਚ ਸਹਿਯੋਗ ਦੇਣਾ ਬਣਦਾ ਹੈ।

ਇਹ ਦੇਖਣ ਵਾਲੀ ਗੱਲ ਹੈ ਕਿ ਸਿਆਸੀ ਪਾਰਟੀਆਂ ਨੇ ਇਸ ਮੁੱਦੇ ਉਤੇ ਚੁੱਪ ਧਾਰੀ ਹੋਈ ਹੈ। ਅਸੈਂਬਲੀ ਵਿਚ ਨਾ ਹੀ ਕਦੀ ਇਸ ਮੁੱਦੇ ਉਤੇ ਬਹਿਸ ਹੋਈ ਹੈ ਅਤੇ ਨਾ ਹੀ ਕੋਈ ਸਵਾਲ ਪੁੱਛਿਆ ਗਿਆ ਹੈ। ਫਿਕਰੇਬਾਜ਼ੀ ਕੀਤੀ ਜਾਂਦੀ ਹੈ ਕਿ ਪੰਜਾਬ ਵਿਚ ਐਗਰੀਕਲਚਰ ਹੈ, ਕਲਚਰ ਨਾਂ ਦੀ ਕੋਈ ਚੀਜ਼ ਨਹੀਂ। ਕੋਈ ਪੁੱਛਣ ਵਾਲਾ ਹੋਵੇ ਕਿ ਕੀ ਪੰਜਾਬ ਦੀ ਸਾਹਿਤ ਅਤੇ ਕਲਾ ਵਿਚ ਕੋਈ ਪ੍ਰਾਪਤੀ ਨਹੀਂ? ਜਿਹੜੇ ਉਪਰ ਬੈਠੇ ਹਨ ਜਾਂ ਮਹਿਕਮਿਆਂ ਦੇ ਇੰਚਾਰਜ ਹਨ, ਜੇ ਉਨ੍ਹਾਂ ਨੂੰ ਸਾਹਿਤ ਅਤੇ ਕਲਾ ਦੀ ਸਥਿਤੀ ਅਤੇ ਅਹਿਮੀਅਤ ਦਾ ਪਤਾ ਨਹੀਂ ਤਾਂ ਕਸੂਰ ਉਨ੍ਹਾਂ ਦਾ ਹੈ, ਸਾਹਿਤ ਅਤੇ ਕਲਾ ਦਾ ਨਹੀਂ।

ਮੈਂ ਜ਼ਾਤੀ ਤਜਰਬੇ ਦੇ ਆਧਾਰ ਉਤੇ ਕਹਿ ਸਕਦਾ ਹਾਂ ਕਿ ਇਕ ਸਮੇਂ ਇਸ ਮਹਿਕਮੇ ਦੇ ਇਕ ਡਾਇਰੈਕਟਰ ਸਨ, ਜੋ ਇਕ ਆਈ.ਏ.ਐਸ. ਅਫਸਰ ਸਨ। ਉਹ ਭਾਵੇਂ ਬੜੇ ਯੋਗ ਪ੍ਰਬੰਧਕ ਸਨ, ਖੇਤੀ ਸੀ ਆਰਥਿਕਤਾ ਬਾਰੇ ਉਨ੍ਹਾਂ ਨੂੰ ਬੜੀ ਜਾਣਕਾਰੀ ਦੀ, ਪਰ ਉਹ ਸਭਿਆਚਾਰ ਦੇ ਮਾਮਲੇ ਵਿਚ ਕੋਈ ਖਾਸ ਦਿਲਚਸਪੀ ਨਹੀਂ ਰਖਦੇ ਸਨ। ਚੰਡੀਗੜ੍ਹ ਵਿਚ ਉਨ੍ਹਾਂ ਦੀ ਵੱਖ ਵੱਖ ਮਹਿਕਮਿਆਂ ਵਿਚ ਨਿਯੁਕਤੀ ਰਹੀ। ਦਸ ਸਾਲ ਤੋਂ ਵੱਧ ਉਹ ਚੰਡੀਗੜ੍ਹ ਵਿਚ ਰਹਿ ਚੁੱਕੇ ਸਨ ਪਰ ਉਨ੍ਹਾਂ ਨੇ ਕਦੇ ਟੈਗੋਰ ਥੀਏਟਰ ਵਿਚ ਜਾ ਕੇ ਨਹੀਂ ਸੀ ਦੇਖਿਆ। ਭਾਵ ਉਨ੍ਹਾਂ ਦਾ ਸਭਿਆਚਾਰ ਦੇ ਨਾਲ ਜੁੜਦੇ ਮਾਮਲਿਆਂ ਨਾਲ ਰਤੀ ਭਰ ਦਾ ਲਗਾਓ ਨਹੀਂ ਸੀ। ਉਹ ਇਸ ਮਹਿਕਮੇ ਵਿਚ ਡਾਇਰੈਕਟਰ ਇਸ ਲਈ ਲਾਏ ਗਏ। ਸਨ ਕਿ ਹਾਲੀ ਹੋਰ ਕੋਈ ਅਹਿਮੀਅਤ ਵਾਲੀ ਸੀਟ ਖਾਲੀ ਨਹੀਂ ਸੀ। ਉਨ੍ਹਾਂ ਦੇ ਵਕਤ-ਕਟੀ ਲਈ ਇਹ ਮਹਿਕਮਾ ਦੇ ਦਿੱਤਾ ਗਿਆ ਸੀ ਅਤੇ ਉਹ ਵਕਤ-ਕਟੀ ਹੀ ਕਰ ਰਹੇ ਸਨ। ਚਿੰਤਕਾਂ ਲਈ ਇਹ ਪ੍ਰਬੰਧਕੀ ਮਸਲੇ ਫਿਕਰ ਵਾਲੀ ਗੱਲ ਹਨ।

ਇਸੇ ਤਰ੍ਹਾਂ ਇਕ ਹੋਰ ਡਾਇਰੈਕਟਰ ਸਾਹਿਬ ਆਏ। ਉਨ੍ਹਾਂ ਦੀ ਦਿਲਚਸਪੀ ਫਿਲਮਾਂ ਵਿਚ ਸੀ। ਪੰਜਾਬੀ ਫਿਲਮਾਂ ਚੰਗੀਆਂ ਬਣਨੀਆਂ ਚਾਹੀਦੀਆਂ ਹਨ, ਇਹ ਉਨ੍ਹਾਂ ਦਾ ਫਿਕਰ ਸੀ। ਉਨ੍ਹਾਂ ਵੇਲੇ ਸਰਕਾਰ ਵਲੋਂ ਫਿਲਮਾਂ ਨੂੰ ਸਬਸਿਡੀ ਦੇਣ ਦਾ ਪ੍ਰਾਜੈਕਟ ਉਲੀਕਿਆ ਗਿਆ। ਡਾਇਰੈਕਟਰ ਸਾਹਿਬ ਦੇ ਦਫਤਰ ਵਿਚ ਫਿਲਮ ਪ੍ਰਡਿਊਸਰਾਂ ਦਾ, ਜਿਨ੍ਹਾਂ ਵਿਚ ਐਕਟਰੈਸ, ਪ੍ਰੋਡਿਊਸਰ ਵੀ ਸ਼ਾਮਲ ਸਨ, ਰੌਣਕ-ਮੇਲਾ ਲਗਿਆ ਰਹਿੰਦਾ ਸੀ। ਚਰਚਾ ਹੋਇਆ ਤਾਂ ਮੰਤਰੀ ਵਲੋਂ ਉਨ੍ਹਾਂ ਦੀ ਬਦਲੀ ਕਰ ਦਿੱਤੀ ਗਈ। ਇਹ ਮਹਿਕਮਾ ਫੇਰ ਖਾਲੀ ਦਾ ਖਾਲੀ। ਸਭਿਆਚਾਰ ਦਾ ਵਿਕਾਸ ਨਹੀਂ ਹੁੰਦਾ ਤਾਂ ਕਿਧਰੇ ਅਸਮਾਨ ਤਾਂ ਨਹੀਂ ਡਿੱਗ ਪੈਣ ਲੱਗਾ! ਚਿੰਤਕਾਂ ਲਈ ਇਹ ਫਿਕਰ ਵਾਲੀ ਗੱਲ ਹੈ।

ਮਹਿਕਮਾ ਕਾਇਮ ਹੈ। ਬੜੀ ਵੱਡੀ ਬਿਲਡਿੰਗ ਇਹਦੇ ਕੋਲ ਹੈ। ਸਟਾਫ ਹੈ। ਜਾਂ ਕਹਿ ਲਵੋ ਲੋੜ ਅਨੁਸਾਰ ਸਟਾਫ ਮੌਜੂਦ ਹੈ। ਸਟਾਫ ਨੇ ਤਨਖਾਹ ਲੈਣੀ ਹੀ ਲੈਣੀ ਹੈ। ਡਾਇਰੈਕਟਰ ਸਾਹਿਬ ਕੋਲ ਕਾਰ ਸਮੇਤ ਸਭ ਸਹੂਲਤਾਂ ਹਨ। ਕੰਮ ਲਈ ਪੈਸੇ ਦੀ ਥੋੜ ਹੈ ਤਾਂ ਛੋਟੇ ਪ੍ਰਾਜੈਕਟ ਬਣਾ ਲਏ ਜਾਣ। ਪੰਜਾਬ ਵਿਚ ਕਲਾਕਾਰਾਂ ਦੇ ਸਲਾਹ-ਮਸ਼ਵਰੇ ਨਾਲ ਸਭਿਆਚਾਰਕ ਸਰਗਰਮੀਆਂ ਵਿਉਂਤੀਆਂ ਜਾਣ। ਇਸ ਵੇਲੇ ਇਸ ਮਹਿਕਮੇ ਨੇ ਪੰਜਾਬ ਕਲਾ ਪ੍ਰੀਸ਼ਦ ਦੇ ਸਹਿਯੋਗ ਨਾਲ ਜਾਂ ਇਹ ਕਹਿ ਲਵੋ ਕਿ ਪੰਜਾਬ ਕਲਾ ਪ੍ਰੀਸ਼ਦ ਨੇ ਇਸ ਮਹਿਕਮੇ ਦੇ ਸਹਿਯੋਗ ਨਾਲ ਏਨਾ ਕੰਮ ਕੀਤਾ ਸੀ ਜੀਹਦਾ ਸਾਰੇ ਦੇਸ਼ ਵਿਚ ਚਰਚਾ ਹੋਇਆ ਸੀ।

ਇਹ ਗੱਲ 1991-94 ਦੀ ਹੈ। ਅਤਿਵਾਦ ਦਾ ਦੌਰ ਸੀ। ਮੇਰੇ ਕੋਲ ਪੰਜਾਬ ਸੰਗੀਤ ਨਾਟਕ ਅਕੈਡਮੀ ਦੀ ਪ੍ਰਧਾਨਗੀ ਦੀ ਜ਼ਿੰਮੇਵਾਰੀ ਸੀ। ਇਕ ਵਿਉਂਤ ਬਣਾ ਕੇ ਸਕੂਲਾਂ ਦੇ ਹੈਡਮਾਸਟਰ ਅਤੇ ਪਿੰਡਾਂ ਦੇ ਸਰਪੰਚਾਂ ਦੀ ਹਮਾਇਤ ਨਾਲ ਪਿੰਡ ਪਿੰਡ ਵਿਚ ਸਭਿਆਚਾਰਕ ਸਰਗਰਮੀਆਂ ਕੀਤੀਆਂ ਗਈਆਂ। ਪ੍ਰਬੰਧ ਸਮੇਤ ਖਰਚ ਸੱਤ ਹਜ਼ਾਰ ਰੁਪਏ ਸੀਮਤ ਰੱਖਿਆ ਗਿਆ। ਬਾਅਦ ਵਿਚ ਇਹ ਤਿੰਨ ਹਜ਼ਾਰ ਤਕ ਸੀਮਤ ਕੀਤਾ ਗਿਆ ਤਾਂ ਜੋ ਵੱਧ ਤੋਂ ਵੱਧ ਪ੍ਰੋਗਰਾਮ ਹੋ ਸਕਣ। ਗੰਗਾਨਗਰ ਦੇ ਨੇੜੇ ਲਗਦੇ ਪੰਜਾਬ ਦੇ ਪਿੰਡ ਸਰਵਰ ਖੂਹੀਆਂ ਤੋਂ ਲੈ ਕੇ ਅੰਮ੍ਰਿਤਸਰ ਦੇ ਸਰਹੱਦੀ ਪਿੰਡਾਂ ਤਕ ਪੁੱਜਿਆ ਗਿਆ। ਗੁਰਦਾਸਪੁਰ ਜ਼ਿਲੇ ਵਿਚ ਰਾਵੀ ਪਾਰ ਦੇ ਪਿੰਡਾਂ ਤਕ ਪਹੁੰਚ ਕੀਤੀ ਗਈ। ਚੰਗੇ ਸਾਹਿਤ ਅਤੇ ਸਭਿਆਚਾਰ ਦਾ ਸੁਨੇਹਾ 144 ਪਿੰਡਾਂ ਤਕ ਪੁਚਾਇਆ ਗਿਆ। ਔਸਤਨ ਹਾਜ਼ਰੀ ਤਿੰਨ ਹਜ਼ਾਰ ਦੀ ਹੁੰਦੀ ਸੀ, ਜਿਨ੍ਹਾਂ ਵਿਚ ਅੱਧੀ ਗਿਣਤੀ ਔਰਤਾਂ ਦੀ ਹੁੰਦੀ ਸੀ। ਦੋ-ਤਿੰਨ ਘੰਟਿਆਂ ਦੇ ਪ੍ਰੋਗਰਾਮ ਵਿਚ ਨਾਟਕ, ਲੋਕ ਗੀਤ, ਲੋਕ ਨਾਚ, ਕਵਿਤਾ ਪਾਠ ਆਦਿ ਸ਼ਾਮਲ ਹੁੰਦੇ ਸਨ। ਸਥਾਨਕ ਕਲਾਕਾਰ ਬੜੇ ਉਤਸ਼ਾਹ ਨਾਲ ਹਿੱਸਾ ਲੈਂਦੇ ਸਨ। ਸਕੂਲ ਦਾ ਮੁਖੀ ਜਾਂ ਸਰਪੰਚ ਪ੍ਰਚਾਰ ਦੀ ਜ਼ਿੰਮੇਵਾਰੀ ਲੈਂਦੇ ਸਨ। ਵਿਭਾਗ ਦਾ ਕੋਈ ਨਾ ਕੋਈ ਨੁਮਾਇੰਦਾ ਜ਼ਰੂਰ ਹਾਜ਼ਰ ਹੁੰਦਾ ਸੀ ਜੋ ਸਾਰੇ ਪ੍ਰਬੰਧ ਦੀ ਜ਼ਿੰਮੇਵਾਰੀ ਨਿਭਾਉਂਦਾ ਸੀ।

ਸੁਝਾਅ ਹੈ ਕਿ ਵਿਭਾਗ ਕਲਾਕਾਰਾਂ ਦੀ ਇਕ ਸਲਾਹ-ਮਸ਼ਵਰਾ ਕਰਨ ਵਾਲੀ ਕਮੇਟੀ ਬਣਾਏ। ਜਿੰਨਾ ਕੁ ਬਜਟ ਪ੍ਰਾਪਤ ਹੈ, ਉਸ ਅਨੁਸਾਰ ਵਿਉਂਤ ਬਣਾਈ ਜਾਵੇ ਕਿ ਚੰਡੀਗੜ੍ਹ ਵਿਚ, ਪੰਜਾਬ ਦੇ ਵੱਡੇ ਸ਼ਹਿਰਾਂ ਵਿਚ, ਕਸਬਿਆਂ ਵਿਚ, ਪਿੰਡਾਂ ਵਿਚ ਛੋਟੇ ਜਾਂ ਵੱਡੇ ਸਭਿਆਚਾਰਕ ਪ੍ਰੋਗਰਾਮ ਕੀਤੇ ਜਾਣ। ਵੱਡੀ ਗਿਣਤੀ ਵਿਚ ਪੰਜਾਬ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਸਭਿਆਚਾਰਕ ਕਲੱਬ ਮੌਜੂਦ ਹਨ। ਉਹ ਖਰਚ ਵੀ ਕਰ ਸਕਦੇ ਹਨ ਅਤੇ ਪ੍ਰਬੰਧ ਵੀ ਕਰ ਸਕਦੇ ਹਨ। ਸਿਰਫ ਉਨ੍ਹਾਂ ਨੂੰ ਉਤਸ਼ਾਹਤ ਕਰਨ ਦੀ ਲੋੜ ਹੈ। ਮਹਿਕਮਾ ਠੱਪ ਕਰਨ ਦੀ ਬਜਾਏ ਸਭਿਆਚਾਰਕ ਸਰਗਰਮੀਆਂ ਲਈ ਰਾਹ ਦੱਸਿਆ ਜਾਵੇ। ਪੰਜਾਬ ਵਿਚ ਸੰਵੇਦਨਾ ਅਤੇ ਸੁਹਜ ਦਾ ਵਿਕਾਸ ਸਮਾਜ ਦੇ ਵਿਕਾਸ ਲਈ ਜ਼ਰੂਰੀ ਹੈ। ਦੇਸ਼ ਭਗਤੀ ਦਾ ਜਜ਼ਬਾ ਵੀ ਇਸ ਸੰਵੇਦਨਾ ਨਾਲ ਹੀ ਜੁੜਿਆ ਹੋਇਆ ਹੈ।